# ਜਗਤ ਗੁਰੂ ਨਾਨਕ ਦੇਵ
# ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

(Established by Act No.19 of 2019 of Legislature of the State of Punjab)

Ref.No/ PSOU/ COE/.1153 Dated: 24.6../2024

ਸਮੂਹ ਪ੍ਰਿੰਸੀਪਲ ਸਾਹਿਬਾਨ (LSC)
/ਯੂਨੀਵਰਸਿਟੀ ਸਕੂਲ ਕੋਆਰਡੀਨੇਟਰ
ਪੰਜਾਬ।

**ਵਿਸ਼ਾ:- ਪ੍ਰੈਕਟੀਕਲ ਪ੍ਰੀਖਿਆਵਾਂ (ਜੁਲਾਈ 2024) ਅਤੇ Award Lists (Internal/External) ਸਬੰਧੀ ਹਦਾਇਤਾਂ।**

ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਪ੍ਰੀਖਿਆ ਕੇਂਦਰਾਂ/ਕਾਲਜਾਂ ਵਲੋਂ ਵਿਦਿਆਰਥੀਆਂ ਦੀ ਲਿਖਤੀ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਉੱਤਰ-ਕਾਪੀਆਂ ਵਰਤੀਆਂ ਜਾ ਸਕਦੀਆਂ ਹਨ। ਇਨ੍ਹਾਂ ਪ੍ਰੈਕਟੀਕਲ ਪ੍ਰੀਖਿਆਵਾਂ ਲਈ ਯੂਨੀਵਰਸਿਟੀ ਵਲੋਂ ਕੋਈ ਵੀ ਉੱਤਰ-ਕਾਪੀਆਂ ਨਹੀਂ ਭੇਜੀਆਂ ਜਾਣਗੀਆਂ।
2. ਪ੍ਰੈਕਟੀਕਲ ਪ੍ਰੀਖਿਆਵਾਂ ਯੂਨੀਵਰਸਿਟੀ ਵਲੋਂ ਨਿਰਧਾਰਤ ਕੀਤੇ ਪ੍ਰੀਖਿਆ ਕੇਂਦਰਾਂ (Theory ਅਤੇ Practical ਪ੍ਰੀਖਿਆਵਾਂ ਲਈ) ਵਲੋਂ ਜਾਰੀ ਕੀਤੀ ਗਈ Practical Date Sheet ਮੁਤਾਬਕ **ਮਿਤੀ 01.07.2024 ਤੋਂ ਮਿਤੀ 10.07.2024** ਤੱਕ ਕੰਡਕਟ ਕੀਤੀਆਂ ਜਾਣਗੀਆਂ। ਪ੍ਰੈਕਟੀਕਲ ਪ੍ਰੀਖਿਆਵਾਂ ਦਾ ਮੁਲਾਂਕਣ ਸਬੰਧਤ LSC/Faculty ਵਲੋਂ ਪ੍ਰੀਖਿਆ ਕੇਂਦਰਾਂ ਵਿੱਚ ਹੀ ਕੀਤਾ ਜਾਵੇਗਾ। ਕਾਲਜਾਂ ਦੇ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਵਿਸ਼ੇ ਦੀਆਂ ਉੱਤਰ ਕਾਪੀਆਂ ਦਾ ਮੁਲਾਂਕਣ ਅਤੇ ਪ੍ਰੈਕਟੀਕਲ ਸੰਬੰਧੀ ਅੰਕਾਂ (Internal ਅਤੇ External) ਨੂੰ ਆਨਲਾਇਨ ਪੋਰਟਲ ਤੇ ਪ੍ਰੀਖਿਆ ਕੇਂਦਰਾਂ/ਯੂਨੀਵਰਸਿਟੀ ਸਕੂਲ ਦੇ ਸਬੰਧਤ ਕੋਆਰਡੀਨੇਟਰਾਂ ਵਲੋਂ Lock ਕਰਨ ਉਪਰੰਤ ਅਪਲੋਡ ਕਰਨਾ **(ਦਫਤਰੀ ਪੱਤਰ ਨੰ. PSOU/COE/1128 ਮਿਤੀ 13.06.2024 ਮੁਤਾਬਕ)** ਯਕੀਨੀ ਬਣਾਇਆ ਜਾਵੇਗਾ।
3. ਪ੍ਰੈਕਟੀਕਲ ਪ੍ਰੀਖਿਆਵਾਂ ਦੇ ਕੁੱਲ 100 ਅੰਕਾ ਵਿਚੋਂ Internal ਦੇ 30 ਅੰਕ ਅਤੇ External ਦੇ 70 ਅੰਕ ਹਨ । ਇਨ੍ਹਾਂ External 70 ਅੰਕਾਂ ਵਿੱਚੋ – **ਪ੍ਰੈਕਟੀਕਲ ਦੇ 20 ਅੰਕ + Viva-Voce ਦੇ 30 ਅੰਕ + ਲਿਖਤੀ ਦੇ 20 ਅੰਕ** ਹਨ।
4. ਪ੍ਰੀਖਿਆਵਾਂ ਲਈ ਬਣਾਏ ਪ੍ਰੀਖਿਆ ਕੇਂਦਰਾਂ ਵਿੱਚ ਜਿਨ੍ਹਾਂ ਕਾਲਜਾਂ ਨੂੰ Merge ਕੀਤਾ ਗਿਆ ਹੈ, ਉਨ੍ਹਾਂ Merge ਕੀਤੇ ਗਏ ਕਾਲਜਾਂ ਦੇ ਵਿਦਿਆਰਥੀ ਸੰਬੰਧਿਤ ਪ੍ਰੀਖਿਆ ਕੇਂਦਰਾਂ ਵਿਚ ਹੀ ਪ੍ਰੈਕਟੀਕਲ ਪ੍ਰੀਖਿਆਵਾਂ ਲਈ ਜਾਣਗੇ । ਜਿਸ ਸੰਬੰਧੀ ਪ੍ਰੈਕਟੀਕਲ ਦੀ ਡੇਟ ਸ਼ੀਟ ਦੀ ਸੂਚਨਾ ਸੰਬੰਧਿਤ ਕਾਲਜਾਂ ਵੱਲੋ ਵਿਦਿਆਰਥੀਆਂ ਨੂੰ ਮੁੱਹਈਆਂ ਕਰਵਾਈ ਜਾਵੇਗੀ।
5. ਪ੍ਰੈਕਟੀਕਲ ਪੇਪਰਾਂ ਦਾ ਮੁਲਾਂਕਣ (Internal ਅਤੇ External Marks) ਅਤੇ ਸੰਬੰਧਿਤ ਮਾਰਕਿੰਗ ਕਰਨ ਉਪਰੰਤ ਪ੍ਰੀਖਿਆ ਕੇਂਦਰ/ਕਾਲਜ ਦੇ ਕੋਆਰਡੀਨੇਟਰ ਸਬੰਧਤ ਵਿਸ਼ੇ ਦੇ ਅੰਕਾਂ ਦੀ ਹਾਰਡ ਕਾਪੀ ਦੀ ਫਾਇਲ (in original Index ਸਮੇਤ) ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਕੋਲ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣਗੇ। ਪ੍ਰੀਖਿਆ ਕੇਂਦਰਾਂ ਦੇ ਕੋਆਰਡੀਨੇਟਰਾਂ ਵਲੋਂ ਸਾਰੇ ਵਿਸ਼ਿਆਂ ਦੀਆਂ Award lists (hard copy) ਦੀ subject wise ਇੱਕ ਫਾਈਲ (combine) ਤਿਆਰ ਕੀਤੀ ਜਾਵੇਗੀ। ਇਸ Award list ਤੇ Course Teacher ਅਤੇ External Examiner ਦੇ ਦਸਤਖਤ ਹੋਣ ਜ਼ਰੂਰੀ ਹਨ। ਜਿਸ ਦੀ ਇੱਕ ਕਾਪੀ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਨੂੰ ਭੇਜੀ ਜਾਵੇਗੀ ਅਤੇ ਦੂਸਰੀ ਕਾਪੀ ਦਫਤਰੀ ਰਿਕਾਰਡ ਸਬੰਧੀ ਕਾਲਜ ਕੋਆਰਡੀਨੇਟਰ ਵਲੋਂ ਰੱਖੀ ਜਾਵੇਗੀ। ਫਾਇਲ ਦੇ Index ਤੇ ਕੋਆਰਡੀਨੇਟਰ ਅਤੇ ਪ੍ਰਿੰਸੀਪਲ ਦੇ ਹਸਤਾਖਰ ਜ਼ਰੂਰੀ ਹਨ। ਕਾਲਜ ਦੀ Stamp ਵੀ ਪ੍ਰਿੰਸੀਪਲ ਦੇ ਹਸਤਾਖਰ ਦੇ ਹੇਠਾਂ ਲਗਾਈ ਜਾਵੇ ਜੀ।

6. ਪ੍ਰੈਕਟੀਕਲ ਪੇਪਰਾਂ ਦੇ Internal ਅਤੇ External Marks ਅਪਲੋਡ ਕਰਨ ਸੰਬੰਧੀ ਵਿਸ਼ਿਆਂ ਦੇ ਅੰਕ ਸਬੰਧਤ ਕਾਲਜ ਦੇ ਕੋਆਰਡੀਨੇਟਰ ਵਲੋਂ ਯੂਨੀਵਰਸਿਟੀ **ਦੇ ਆਨਲਾਈਨ ਵੈਬਲਿੰਕ** https://centre.psou.ac.in/Centre ਤੇ ਮਿਤੀ **01.07.2024 ਤੋਂ ਮਿਤੀ 19.07.2024** ਤੱਕ ਅਪਲੋਡ ਕੀਤੇ ਜਾਣਗੇ।

7. ਪ੍ਰੀਖਿਆ ਕੇਂਦਰਾਂ ਵਲੋਂ ਥਿਓਰੀ ਪ੍ਰੀਖਿਆਵਾਂ ਲਈ ਜਿਸ ਫੈਕਲਟੀ ਮੈਂਬਰ ਨੂੰ ਕੋਆਰਡੀਨੇਟਰ (ਪ੍ਰਿੰਟਿੰਗ ਸੈਲ) ਲਗਾਇਆ ਗਿਆ ਹੈ, ਉਹ ਹੀ ਪ੍ਰੈਕਟੀਕਲ ਦੀਆਂ ਉੱਤਰ-ਕਾਪੀਆਂ ਦੇ ਮੁਲਾਂਕਣ ਸਮੇਂ **ਕੋਆਰਡੀਨੇਟਰ (Evaluation)** ਹੋਣਗੇ, ਜੋ ਕਿ ਸਾਰੇ ਵਿਦਿਆਰਥੀਆਂ ਦੇ ਅੰਕਾਂ ਨੂੰ ਪੋਰਟਲ ਤੇ ਅਪਲੋਡ ਕਰਨਾ ਯਕੀਨੀ ਬਣਾਉਣਗੇ। ਜਿਸ ਦਾ ਮੁਲਾਂਕਣ ਕਾਲਜਾਂ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ (External) ਲਈ External Examiner ਵਲੋਂ ਕੀਤਾ ਜਾਵੇਗਾ ਅਤੇ Internal marks ਕਾਲਜ ਦੇ ਫੈਕਲਟੀ ਮੈਂਬਰਾਂ ਵਲੋਂ ਅਪਲੋਡ ਕੀਤੇ ਜਾਣੇ ਹਨ।

8. ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਦੇ ਸਬੰਧ ਵਿੱਚ ਸਿਰਫ External marks ਹੀ ਕਾਲਜਾਂ ਵਲੋਂ ਮੁਲਾਂਕਣ ਉਪਰੰਤ ਅਪਲੋਡ ਕੀਤੇ ਜਾਣਗੇ। ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਪ੍ਰੈਕਟੀਕਲ ਪ੍ਰੀਖਿਆਵਾਂ ਦੇ Internal marks ਯੂਨੀਵਰਸਿਟੀ ਫੈਕਲਟੀ ਵਲੋਂ ਹੀ ਮੁਲਾਂਕਣ ਕਰਕੇ ਪੋਰਟਲ ਵਿੱਚ ਅਪਲੋਡ ਕੀਤੇ ਜਾਣਗੇ।

9. ਪ੍ਰੈਕਟੀਕਲ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੀ **Attendance Report** ਕੋਆਰਡੀਨੇਟਰ ਵਲੋਂ ਹੀ ਪ੍ਰੈਕਟੀਕਲ ਪ੍ਰੀਖਿਆ ਵਾਲੇ ਦਿਨ ਪੋਰਟਲ ਵਿੱਚ ਅਪਲੋਡ ਕੀਤੀ ਜਾਵੇਗੀ। ਇਹ ਸਾਰਾ ਪ੍ਰੈਕਟੀਕਲ ਪ੍ਰੀਖਿਆਵਾਂ ਦਾ uploading Process ਥਿਓਰੀ ਪ੍ਰੀਖਿਆ ਵਾਂਗ ਹੀ ਪੋਰਟਲ ਵਿੱਚ ਉਪਲੱਬਧ ਹੈ। ਹਰ ਵਿਸ਼ੇ ਦੀ Attendance report ਦੀ Hard copy ਦਾ ਰਿਕਾਰਡ ਕੋਆਰਡੀਨੇਟਰ ਵਲੋਂ ਮੇਨਟੇਨ ਕੀਤਾ ਜਾਵੇਗਾ।

10. ਸਬੰਧਤ ਕਾਲਜ/ਪ੍ਰੀਖਿਆ ਕੇਂਦਰ ਵਿੱਚ ਪ੍ਰੈਕਟੀਕਲ ਪ੍ਰੀਖਿਆਵਾਂ ਕਰਵਾਉਣ ਲਈ External Examiner ਦੀ ਨਿਯੁਕਤੀ **ਮਿਤੀ 26.06.2024 ਤੱਕ** ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਵਲੋਂ ਕੀਤੀ ਜਾਵੇਗੀ। External Examiner ਸਬੰਧਤ ਕਾਲਜ ਵਲੋਂ ਪ੍ਰੈਕਟੀਕਲ ਪ੍ਰੀਖਿਆ ਲਈ ਉਹ ਹੀ ਨਿਯੁਕਤ ਕੀਤੇ ਜਾਣ, ਜਿਨ੍ਹਾਂ ਨੂੰ ਕਾਲਜ ਵਲੋਂ ਪੋਰਟਲ ਵਿੱਚ ਅਪਲੋਡ ਕੀਤਾ ਹੈ ਅਤੇ ਯੂਨੀਵਰਸਿਟੀ ਵਲੋਂ ਅਪਰੂਵਡ ਹਨ।

11. ਪ੍ਰੈਕਟੀਕਲ ਸੰਬੰਧੀ ਉੱਤਰ ਕਾਪੀਆਂ (ਪ੍ਰੈਕਟੀਕਲ ਪ੍ਰੀਖਿਆਵਾਂ ਖਤਮ ਹੋਣ ਤੋਂ ਬਾਅਦ) ਦੀ ਜਿੰਮੇਵਾਰੀ ਸੰਬੰਧਿਤ ਫੈਲਕਟੀ ਦੀ ਹੋਵੇਗੀ ਕਿ ਉੱਤਰ-ਕਾਪੀਆਂ ਨੂੰ ਕਾਲਜ ਦੇ ਕੋਆਰਡੀਨੇਟਰ ਕੋਲ ਜਮ੍ਹਾਂ ਕਰਵਾਇਆ ਜਾਵੇ। ਕੋਆਰਡੀਨੇਟਰ ਵਲੋਂ ਉੱਤਰ ਕਾਪੀਆਂ ਨੂੰ ਪੈਕ ਕਰਵਾ ਕੇ ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਕੋਲ ਜਮ੍ਹਾਂ ਕਰਵਾਇਆ ਜਾਵੇਗਾ।

12. ਸੰਬੰਧਿਤ ਕਾਲਜਾਂ ਵੱਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਲਈ External Examiner ਕਾਲਜ ਵਿਚੋ ਹੀ ਲਗਾਏ ਜਾਣਗੇ ਅਤੇ ਜਿਸ ਵਿਸ਼ੇ ਵਿਚ ਸੰਬੰਧਿਤ ਕਾਲਜ ਵਿਚ Examiner ਮੌਜੂਦ ਨਹੀ ਹਨ, ਉਨ੍ਹਾਂ ਪ੍ਰੀਖਿਆ ਕੇਂਦਰਾਂ ਵਿੱਚ ਨੇੜੇ ਦੇ ਕਾਲਜ ਤੋਂ Examiner (External) ਨੂੰ ਬੁਲਾ ਕੇ ਵਿਦਿਆਰਥੀਆਂ ਦੀ ਪ੍ਰੈਕਟੀਕਲ ਪ੍ਰੀਖਿਆ ਕਾਲਜ ਵਲੋਂ ਕਰਵਾਈ ਜਾਵੇਗੀ। ਕਾਲਜ ਦੇ ਕੋਆਰਡੀਨੇਟਰ ਵਲੋਂ ਇਸ ਸਬੰਧੀ coepsou@psou.ac.in ਤੇ ਈ-ਮੇਲ ਰਾਹੀਂ ਸੂਚਿਤ ਕੀਤਾ ਜਾਵੇ।

13. ਪ੍ਰੈਕਟੀਕਲ ਪ੍ਰੀਖਿਆਵਾਂ ਸਮੇ ਪ੍ਰੀਖਿਆ ਕੇਂਦਰ ਵਲੋਂ ਜੇਕਰ External Examiner ਕਿਸੇ ਨੇੜੇ ਦੇ ਕਾਲਜ ਵਿਚੋਂ ਲਗਾਇਆ ਜਾਂਦਾ ਹੈ ਤਾਂ Internal Examiner ਕਾਲਜ ਦੀ ਫੈਕਲਟੀ ਵਿਚੋਂ ਹੀ ਲਗਾਇਆ ਜਾਵੇਗਾ।

14. ਪ੍ਰੈਕਟੀਕਲ ਸੰਬੰਧੀ ਮਾਣਭੱਤਿਆ ਦੀ ਸੂਚਨਾ ਪਹਿਲਾਂ ਹੀ ਯੂਨੀਵਰਸਿਟੀ ਦੁਆਰਾ ਕਾਲਜਾਂ ਨੂੰ ਭੇਜੀ ਜਾ ਚੁੱਕੀ ਹੈ ਅਤੇ ਪ੍ਰੈਕਟੀਕਲ ਸੰਬੰਧਿਤ ਪੈਮੇਟ External Examiner ਨੂੰ ਹੀ ਕੀਤੀ ਜਾਵੇਗੀ। ਜਿਸ ਨੂੰ ਅਪਲੋਡ ਕਰਵਾਉਣਾ ਅਤੇ ਪ੍ਰੋਫਾਰਮੇ ਭਰਵਾਉਣ (External Examiner ਸੰਬੰਧੀ) ਲਈ ਸੰਬੰਧਿਤ ਯੂਨੀਵਰਸਿਟੀ/ਕਾਲਜ ਦੇ ਕੋਆਰਡੀਨੇਟਰ ਦੀ ਜਿੰਮੇਵਾਰੀ ਹੋਵੇਗੀ।

15. ਪ੍ਰੀਖਿਆ ਕੇਂਦਰ/ਕਾਲਜਾਂ ਵੱਲੋ ਯੂਨੀਵਰਸਿਟੀ/LSCs ਦੇ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਥਿਓਰੀ ਪ੍ਰੀਖਿਆਵਾਂ ਵਾਂਗ ਹੀ ਸਬੰਧਤ ਕਾਲਜ ਵਿੱਚ ਹੀ ਕਰਵਾਈਆਂ ਜਾਣਗੀਆਂ।

16. ਥਿਓਰੀ ਪ੍ਰੀਖਿਆਵਾਂ ਵਾਂਗ ਹੀ ਸਬੰਧਤ ਕਾਲਜ ਵਲੋਂ **ਸਿੱਖਿਆ ਦਾਤ ਸਕੀਮ ਅਧੀਨ** ਜੇਲ੍ਹ ਸੈਂਟਰਾਂ ਦੇ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਕਾਲਜ ਦੇ ਇਨਵਿਜੀਲੇਟਰ ਵਲੋਂ ਜੇਲ੍ਹ ਸੈਂਟਰ ਵਿੱਚ ਕੰਡਕਟ ਕੀਤੀਆਂ ਜਾਣਗੀਆਂ।

17. ਸਬੰਧਤ ਕਾਲਜ/ਯੂਨੀਵਰਸਿਟੀ ਸਕੂਲ ਦੇ ਕੋਆਰਡੀਨੇਟਰ ਦੀ ਹੀ ਜਿੰਮੇਵਾਰੀ ਹੋਵੇਗੀ ਕਿ ਥਿਊਰੀ ਅਤੇ ਪ੍ਰੈਕਟੀਕਲ ਪ੍ਰੀਖਿਆਵਾਂ ਦੇ **Internal & External ਅੰਕ** ਯੂਨੀਵਰਸਿਟੀ ਵਲੋਂ ਜਾਰੀ ਨਿਯਤ ਮਿਤੀਆਂ ਤੱਕ ਅਪਲੋਡ ਕੀਤੇ ਜਾਣ, ਤਾਂ ਜੋ ਯੂਨੀਵਰਸਿਟੀ ਵਲੋਂ ਸਬੰਧਤ ਰਿਜਲਟ ਸਮੇਂ ਸਿਰ ਘੋਸ਼ਿਤ ਕੀਤੇ ਜਾ ਸਕਣ।

18. External Examiner ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਦਾ ਮੁਲਾਂਕਣ ਯੂਨੀਵਰਸਿਟੀ ਨਿਯਮਾਂ ਅਨੁਸਾਰ ਕੀਤਾ ਜਾਵੇ ਅਤੇ ਅੰਕਾਂ ਨੂੰ ਆਨਲਾਈਨ ਪੋਰਟਲ ਵਿੱਚ ਅਪਲੋਡ ਕਰਨ ਤੋਂ ਬਾਅਦ, ਆਪਣੇ ਦਸਤਖਤ ਕਰਕੇ ਸਬੰਧਤ ਵਿਸ਼ੇ ਦੀਆਂ ਪ੍ਰੈਕਟੀਕਲ ਲਿਸਟਾਂ ਦੀ ਹਾਰਡ ਕਾਪੀ ਨੂੰ ਆਪਣੇ ਕਾਲਜ/ਯੂਨੀਵਰਸਿਟੀ ਸਕੂਲ ਦੇ ਕੋਆਰਡੀਨੇਟਰ ਨੂੰ ਜਮ੍ਹਾ ਕਰਵਾਉਣਾ ਯਕੀਨੀ ਬਣਾਉਣਗੇ। **Practical Award list – Internal, External** ਦੀ ਫਾਈਲ (Original Copy) ਕੋਆਰਡੀਨੇਟਰ ਵਲੋਂ ਸਬੰਧਤ ਵਿਸ਼ੇ ਦੇ External Examiner, ਕੋਆਰਡੀਨੇਟਰ, ਅਤੇ ਸਬੰਧਤ ਕਾਲਜ ਦੇ ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਦੇ ਦਸਤਖਤ ਕਰਵਾਕੇ ਯੂਨੀਵਰਸਿਟੀ ਨੂੰ ਜਮ੍ਹਾ ਕਰਵਾਈ ਜਾਵੇਗੀ। ਇਸ ਤਰ੍ਹਾਂ ਕੋਆਰਡੀਨੇਟਰ ਵਲੋਂ ਥਿਊਰੀ ਅਤੇ ਪ੍ਰੈਕਟੀਕਲ ਪ੍ਰੀਖਿਆਵਾਂ (Internal, External) ਦੀਆਂ ਅਲੱਗ-ਅਲੱਗ ਫਾਈਲਾਂ ਯੂਨੀਵਰਸਿਟੀ ਨੂੰ ਪ੍ਰੀਖਿਆਵਾਂ ਸਬੰਧੀ ਜਮ੍ਹਾ ਕਰਵਾਈਆਂ ਜਾਣਗੀਆਂ, ਜਿਸ ਵਿੱਚ ਉਨ੍ਹਾਂ ਸਬੰਧੀ ਵੇਰਵੇ Index ਸਮੇਤ ਮੌਜੂਦ ਹੋਣਗੇ। ਫਾਇਲਾਂ ਦੀ ਇੱਕ ਕਾਪੀ ਕੋਆਰਡੀਨੇਟਰ ਵਲੋਂ ਕਾਲਜ ਵਿੱਚ ਰਿਕਾਰਡ ਵਜੋਂ ਰੱਖੀ ਜਾਵੇ ਜੀ।

19. ਜੇਕਰ ਪ੍ਰੈਕਟੀਕਲ ਪ੍ਰੀਖਿਆਵਾਂ ਲਈ External Examiner ਸਬੰਧਤ ਪ੍ਰੀਖਿਆ ਕੇਂਦਰ ਵਿਚੋਂ ਹੀ ਲਗਾਇਆ ਜਾਂਦਾ ਹੈ ਤਾਂ ਉਸ ਨਾਲ Internal Examiner ਨਹੀਂ ਲਗਾਇਆ ਜਾਵੇਗਾ।

20. ਪ੍ਰੀਖਿਆ ਕੇਂਦਰਾਂ ਵਲੋਂ ਸਬੰਧਤ ਵਿਸ਼ਿਆਂ ਦੇ Internal ਅਤੇ External Examiner ਦਾ ਰਿਕਾਰਡ (Hard copy & Soft copy) ਕਾਲਜ/ਯੂਨੀਵਰਸਿਟੀ ਸਕੂਲ ਕੋਆਰਡੀਨੇਟਰਾਂ ਵਲੋਂ ਰੱਖਿਆ ਜਾਵੇਗਾ।

21. ਪ੍ਰੀਖਿਆ ਕੇਂਦਰਾਂ/ਯੂਨੀਵਰਸਿਟੀ ਸਕੂਲ ਕੋਆਰਡੀਨੇਟਰਾਂ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਆਪਣੇ ਮੁਤਾਬਕ Evening/Morning session ਵਿੱਚ ਕਰਵਾ ਸਕਦੇ ਹਨ। ਕਾਲਜ ਅਤੇ ਯੂਨੀਵਰਸਿਟੀ ਕੋਆਰਡੀਨੇਟਰ ਵਲੋਂ ਵਿਦਿਆਰਥੀਆਂ ਨੂੰ ਇਸ ਸਬੰਧੀ ਐਡਵਾਸ ਵਿੱਚ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।

22. ਪ੍ਰੀਖਿਆ ਕੇਂਦਰਾਂ/ਯੂਨੀਵਰਸਿਟੀ ਸਕੂਲ ਕੋਆਰਡੀਨੇਟਰਾਂ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਕਰਵਾਉਣ ਉਪਰੰਤ ਵਿਦਿਆਰਥੀਆਂ ਦੀ Marks list ਨੂੰ **ਮਿਤੀ 01.07.2024 ਤੋਂ 19.07.2024** ਤੱਕ ਅਪਲੋਡ ਕਰਨ ਉਪਰੰਤ Lock ਕਰਨਾ ਅਤਿ ਜਰੂਰੀ ਹੋਵੇਗਾ।

23. ਯੂਨੀਵਰਸਿਟੀ ਅਤੇ ਕਾਲਜ ਦੇ **Reappear** ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ **Evening session** ਵਿੱਚ ਕੰਡਕਟ ਕੀਤੀਆਂ ਜਾਣ।

24. ਪ੍ਰੀਖਿਆ ਕੇਂਦਰਾਂ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਦੀਆਂ Award Lists ਦੀ ਫਾਈਲ ਬਣਾਕੇ ਪ੍ਰੀਖਿਆਵਾਂ ਖਤਮ ਹੋਣ ਉਪਰੰਤ Exam material ਕੁਲੈਕਟ ਕਰਨ ਵਾਲੇ ਯੂਨੀਵਰਸਿਟੀ ਸਟਾਫ ਨੂੰ ਜਮ੍ਹਾ ਕਰਵਾਈਆਂ ਜਾਣਗੀਆਂ।

25. ਪ੍ਰੈਕਟੀਕਲ ਦੀ ਪ੍ਰੀਖਿਆ ਸਮੇਂ External Examiner ਦੇ ਨਾਲ ਉਸ ਵਿਸ਼ੇ ਦੇ **ਸਬੰਧਤ ਕੋਰਸ ਟੀਚਰ (Internal Faculty) ਦੀ ਮੌਜੂਦਗੀ** ਹੋਣੀ ਜ਼ਰੂਰੀ ਹੈ, ਜਿਸ ਦਾ ਸਬੰਧਤ ਕਾਲਜ/ਯੂਨੀਵਰਸਿਟੀ ਸਕੂਲ ਕੋਆਰਡੀਨੇਟਰ ਵਲੋਂ ਧਿਆਨ ਰੱਖਿਆ ਜਾਵੇ।

26. ਆਨਲਾਈਨ ਪੋਰਟਲ ਵਿੱਚ ਵਿਸ਼ੇ ਸਬੰਧੀ ਅੰਕ ਫਾਈਨਲ ਅਪਲੋਡ ਕੀਤੇ ਜਾਣ ਤੋਂ ਬਾਅਦ (ਪ੍ਰਿੰਟ ਲੈਣ ਸਮੇਂ) ਪੋਰਟਲ Lock (ਸਬੰਧਤ ਵਿਸ਼ੇ ਲਈ ਹੀ) ਹੋ ਜਾਵੇਗਾ ਤਾਂ ਜੋ ਉਸ ਵਿਸ਼ੇ ਦੇ ਅੰਕ ਬਾਅਦ ਵਿੱਚ ਕਿਸੇ ਵਲੋਂ ਵੀ Change ਨਾ ਕੀਤੇ ਜਾ ਸਕਣ। ਕਿਸੇ ਵੀ ਵਿਸ਼ੇ ਦੇ ਅੰਕਾਂ ਨੂੰ ਬਾਅਦ ਵਿੱਚ ਅਪਡੇਟ (Edit) ਕਰਨ ਲਈ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਤੋਂ ਹੀ ਸਬੰਧਤ ਕਾਲਜ ਦੇ ਕੋਆਰਡੀਨੇਟਰ ਵਲੋਂ Permission ਲਈ ਜਾਵੇਗੀ, ਜਿਸ ਲਈ ਕੋਆਰਡੀਨੇਟਰ ਵਲੋਂ **coepsou@psou.ac.in** ਤੇ ਈ-ਮੇਲ ਕੀਤੀ ਜਾਵੇਗੀ (ਸਬੰਧਤ ਈ-ਮੇਲ ਦੀ **Subject heading** : To update marks in subject -Theory/Practical ਹੋਣੀ ਚਾਹੀਦੀ ਹੈ)

27. ਯੂਨੀਵਰਸਿਟੀ/ਕਾਲਜਾਂ ਦੇ ਕੋਆਰਡੀਨੇਟਰ/ਪ੍ਰਿੰਸੀਪਲ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਵਿਸ਼ੇ ਦੀ ਪ੍ਰੈਕਟੀਕਲ ਪ੍ਰੀਖਿਆਵਾਂ ਕੰਡਕਟ ਕਰਵਾਉਣ ਲਈ External Examiner ਦਾ ਉਸ ਵਿਸ਼ੇ ਦਾ ਟੀਚਿੰਗ ਤਜਰਬਾ ਹੋਣਾ ਜਰੂਰੀ ਹੈ ਅਤੇ ਟੀਚਿੰਗ ਫੈਕਲਟੀ ਵਿਚੋਂ ਹੀ

External Examiner ਨੂੰ ਲਗਾਇਆ ਜਾਵੇ। ਕਿਸੇ ਵੀ ਹਲਾਤ ਵਿੱਚ Non Faculty staff ਨੂੰ ਪ੍ਰੈਕਟੀਕਲ ਪ੍ਰੀਖਿਆ ਕੰਡਕਟ ਕਰਨ ਲਈ ਨਾ ਲਗਾਇਆ ਜਾਵੇ ।

28. ਪ੍ਰੀਖਿਆ ਕੇਂਦਰਾਂ ਦੇ ਕੋਆਰਡੀਨੇਟਰਾਂ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਕਿਸੇ ਵੀ ਜਾਣਕਾਰੀ ਲਈ ਯੂਨੀਵਰਸਿਟੀ ਦੀ **Exam Branch (Helpline): 95307-41524 (Mobile), Email: coepsou@psou.ac.in** ਤੇ ਸੰਪਰਕ ਕੀਤਾ ਜਾ ਸਕਦਾ ਹੈ।

29. ਪ੍ਰੈਕਟੀਕਲ ਪ੍ਰੀਖਿਆਵਾਂ ਸੰਬੰਧੀ ਜਰੂਰੀ ਵੇਰਵੇ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ. | ਮਿਤੀ | ਪ੍ਰੀਖਿਆਵਾਂ ਸੰਬੰਧੀ ਵੇਰਵਾ | ਸੰਬੰਧਿਤ |
|---|---|---|---|
| 1 | 01.07.2024 ਤੋਂ 10.07.2024 | Conduct of Practical Examinations | ਕਾਲਜ/ ਯੂਨੀਵਰਸਿਟੀ ਸਕੂਲ |
| 2 | 01.07.2024 ਤੋਂ 19.07.2024 | ਪ੍ਰੈਕਟੀਕਲ ਸਬੰਧੀ ਅੰਕਾਂ (Internal ਅਤੇ External) ਨੂੰ ਆਨਲਾਇਨ ਪੋਰਟਲ ਤੇ ਅਪਲੋਡ ਕਰਨ ਸੰਬੰਧੀ | ਕਾਲਜ/ ਯੂਨੀਵਰਸਿਟੀ ਸਕੂਲ |

**ਨੱਥੀ:**

1) **Exam Centre List**
2) **ਦਫਤਰੀ ਪੱਤਰ PSOU/COE/1128 ਮਿਤੀ 13.06.2024**

24/6/24

ਕੰਟਰੋਲਰ ਪ੍ਰੀਖਿਆਵਾਂ

**Controller of Examinations**
**Jagat Guru Nanak Dev**
**Punjab State Open University**
**Patiala**

ਉਤਾਰਾ:

1) ਸ੍ਰੀ ਵਿਸ਼ਾਲ ਕੁਮਾਰ (DEO) – ਸਬੰਧਤ ਨੂੰ ਈ.ਮੇਲ ਅਤੇ website ਤੇ ਅਪਲੋਡ ਕਰਨ ਸਬੰਧੀ।

ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ
(Established by Act No.19 of 2019 of Legislature of the State of Punjab)

Ref.No/ PSOU/ COE/...1148 Dated: 24./.6./2024

ਸਮੂਹ ਪ੍ਰਿੰਸੀਪਲ ਸਾਹਿਬਾਨ (ਪ੍ਰੀਖਿਆ ਕੇਂਦਰ)
ਪੰਜਾਬ।

**ਵਿਸ਼ਾ:-** **ਜੁਲਾਈ/ਅਗਸਤ 2024 ਪ੍ਰੀਖਿਆਵਾਂ ਲਈ ਪ੍ਰੀਖਿਆ ਕੇਂਦਰਾਂ ਦੀ ਸੂਚੀ ਸਬੰਧੀ। (REVISED)**

**ਹਵਾਲਾ** **ਦਫਤਰੀ ਪੱਤਰ ਨੰ. PSOU/COE/1124 ਮਿਤੀ 12.06.2024 ਦੀ ਲਗਾਤਾਰਤਾ ਵਿੱਚ।**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਪ੍ਰੀਖਿਆਵਾਂ ਜੁਲਾਈ/ਅਗਸਤ 2024 ਲਈ ਬਣਾਏ ਪ੍ਰੀਖਿਆ ਕੇਂਦਰਾਂ ਦੀ ਸੂਚੀ ਨੂੰ revise ਕੀਤਾ ਜਾਂਦਾ ਹੈ, ਜੋ **ਅਨੁਲੱਗ 'ੳ' (ਕਾਪੀ ਨੱਥੀ) ਤੇ ਦੇਖਣਯੋਗ ਹੈ।** ਪ੍ਰੀਖਿਆ ਕੇਂਦਰ ਪ੍ਰੀਖਿਆਵਾਂ ਵਿੱਚ ਅਪੀਅਰ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਮੁੱਖ ਰੱਖਦੇ ਹੋਏ ਹੀ ਬਣਾਏ ਗਏ ਹਨ, ਜਦਕਿ ਕੁੱਝ ਕਾਲਜਾਂ ਨੂੰ ਸਬੰਧਤ ਕਾਲਜਾਂ (ਪ੍ਰੀਖਿਆ ਕੇਂਦਰਾਂ) ਵਿੱਚ Merge ਕੀਤਾ ਗਿਆ ਹੈ।

**ਨੱਥੀ: ਪ੍ਰੀਖਿਆ ਕੇਂਦਰ ਸੂਚੀ (revised- ਪੰਨਾ 1 ਤੋਂ 2)**

24/6/24
ਕੰਟਰੋਲਰ ਪ੍ਰੀਖਿਆਵਾਂ
24/6/2024
**Controller of Examinations**
**Jagat Guru Nanak Dev**
**Punjab State Open University**
**Patiala**

**ਉਤਾਰਾ:**

1) ਰਜਿਸਟਰਾਰ
2) ਡਾਇਰੈਕਟਰ (LSC)
3) ਸਹਾਇਕ ਰਜਿਸਟਰਾਰ (ਲੇਖਾ)
4) ਸ੍ਰੀ ਵਿਸ਼ਾਲ ਕੁਮਾਰ (DEO) – ਸਬੰਧਤ ਨੂੰ ਈ.ਮੇਲ ਅਤੇ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।

ਅਨੁਲੱਗ ੳ

## List of Exam Centres (July- August 2024)

| District | Sr. No. | Centre Code | Name of Main Exam Centre | Name of Merged College (LSCs) | Name of Jail Centre |
|---|---|---|---|---|---|
| Amritsar | 1 | PSOU-01-GAC-162 | Khalsa College for Women, Amritsar | Khalsa College for Women, Amritsar<br>Guru Nanak Dev Co. Educational College, Uggar Aulakh, Ajnala, Amritsar | |
| | 2 | PSOU-01-PVT-238 | Khalsa College of Education, Ranjit Avenue, Amritsar | Khalsa College of Education, Ranjit Avenue, Amritsar | |
| | 3 | PSOU-01-GAC-180 | Shaheed Darshan Singh Pheruman Memorial College for Women, Rayya Distt. Amritsar | Shaheed Darshan Singh Pheruman Memorial College for Women, Rayya Distt. Amritsar | |
| Tarn Taran | 4 | PSOU-23-GAC-200 | Guru Gobind Singh Khalsa College Sarhali (Tarn Taran) | Guru Gobind Singh Khalsa College Sarhali (Tarn Taran)<br>Mata Ganga Girls College, Tarn-Taran<br>S.G.A.D. Govt. College, Tarn Taran | |
| Hoshiarpur | 5 | PSOU-09-GAC-172 | Swami Premanand Mahavidyalya, Mukerian Distt. Hoshiarpur + Jail Centre Gurdaspur | Swami Premanand Mahavidyalya, Mukerian Distt. Hoshiarpur<br>Dashmesh Girls College, Chak Alla Baksh, Mukerian, Hoshiarpur | (1) Jail Centre Gurdaspur |
| | 6 | PSOU-08-PVT-218 | Pannu institute of Management and Technology, Gurdaspur | Pannu institute of Management and Technology, Gurdaspur | |
| | 7 | PSOU-09-GC-115 | M.R.P.D Govt. College, Talwara | M.R.P.D Govt. College, Talwara, Hoshiarpur | |
| | 8 | PSOU-09-GC-116 | G.K.S.M. Govt. College, Tanda Urmur | G.K.S.M. Govt. College, Tanda Urmur, Hoshiarpur | |
| | 9 | PSOU-09-PVT-215 | KMS College of IT and Management, Dasuya, Hoshiarpur | KMS College of IT and Management, Dasuya, Hoshiarpur<br>GTB Khalsa College for women, Dasuya, Hoshiarpur | |
| | 10 | PSOU-09-GAC-236 | Sri Guru Gobind Singh Khalsa College, Mahilpur, Hoshiarpur | Sri Guru Gobind Singh Khalsa College, Mahilpur, Hoshiarpur | |
| | 11 | PSOU-09-GAC-178 | GGDSD College, Village Hariana, Hoshiarpur + Jail Centre Hoshairpur | GGDSD College, Village Hariana, Hoshiarpur<br>Saini Bar College, Bulhowal, Distt. Hoshiarpur<br>SD College, Hoshiarpur | (2) Jail Centre Hoshairpur |
| Pathankot | 12 | PSOU-18-GAC-170 | RRMK Arya Mahila Mahavidyalaya, Pathankot | RRMK Arya Mahila Mahavidyalaya, Pathankot | |
| Jalandhar | 13 | PSOU-10-GC-147 | Baba Saheb Bhim Rao Ambedkar Govt. Co-Education College, Bootan Mandi Jalandhar | Baba Saheb Bhim Rao Ambedkar Govt. Co-Education College, Bootan Mandi Jalandhar | |
| Kapurthala | 14 | PSOU-11-GC-118 | Govt. College, Bholath, Kapurthala + Jail Centre Kapurthala | Govt. College, Bholath, Kapurthala<br>Sant Prem Singh Karmsar Khalsa College, Begowal, Kapurthala | (3) Jail Centre Kapurthala |
| Sangrur | 15 | PSOU-21-GC-140 | Govt. Ranbir College, Sangrur + Jail Centre Sangrur | Govt. Ranbir College, Sangrur | (4) Jail Centre Sangrur |
| | 16 | PSOU-21-GC-141 | Govt. College, Sunam | Govt. College, Sunam | |
| | 17 | PSOU-21-PVT-224 | KCT Group of Colleges, Lehragaga, Sangrur | KCT Group of Colleges, Lehragaga, Sangrur, | |
| | 18 | PSOU-03-PVT-217 | Mata Sahib kaur Girls College Talwandi Sabo, Bathinda | Mata Sahib kaur Girls College Talwandi Sabo, Bathinda | |
| | 19 | PSOU-21-GAC-199 | Desh Bhagat College, Bardwal (Dhuri) | Desh Bhagat College, Bardwal (Dhuri) | |
| Mansa | 20 | PSOU-14-PVT-231 | The Royal Group of College, Borawal, Mansa | The Royal Group of College, Borawal, Mansa<br>Guru Nanak College, of Education, Samaon, Bhikhi Mansa<br>SD Kanya Mahavidyala, Mansa<br>MAI BHAGO DEGREE COLLEGE, RALLA (MANSA)<br>Malwa College of Training & Education, Malkpur Khaila, Mansa<br>Mata Sito Devi College of Education, Kot Dharmu, Mansa | |
| | 21 | PSOU-14-PVT-227 | Krishna College of Higher Education, Vill, Ralli, Budhlada | Krishna College of Higher Education, Vill, Ralli, Budhlada<br>Guru Nanak College, Budhlada | |

| District | Sr. No. | Centre Code | Name of Main Exam Centre | Name of Merged College (LSCs) | Name of Jail Centre |
|---|---|---|---|---|---|
| Barnala | 22 | PSOU-02-PVT-201 | Aryabhatta Group of Institution, Cheema-Jodhpur, Bajakhana Road, Barnala + Jail Centre Barnala | Aryabhatta Group of Institution, Cheema-Jodhpur, Bajakhana Road, Barnala<br>Shri Lal Bahadur Shastri Arya Mahila College, Barnala | |
| | 23 | PSOU-02-GAC-240 | Guru Gobind Singh College, Sanghera, Barnala | Guru Gobind Singh College, Sanghera, Barnala<br>SSD College, Barnala | (5) Jail Centre Barnala |
| Faridkot | 24 | PSOU-04-GC-106 | Govt. Brijindra College, Faridkot + Jail Centre Faridkot | Govt. College for Education, Faridkot<br>SBRS College for Women Ghuduwala Sadiq Faridkot<br>Punjab Degree College, Faridkot | (6) Jail Centre Faridkot |
| Sri Muktsar Sahib | 25 | PSOU-17-GC-128 | Govt. College, Sri Muktsar Sahib + Jail Centre Sri Muktsar Sahib | Govt. College, Sri Muktsar Sahib | (7) Jail Centre Sri Muktsar Sahib |
| Bathinda | 26 | PSOU-03-PVT-239 | GTB College, Balloh, Bathinda | GTB College, Balloh Bathinda | |
| | 27 | PSOU-03-LSC-186 | Govt. Rajindra College Bathinda + Jail Centre Bathinda | DAV College Bathinda | (8) Jail Centre Bathinda<br>(9) Jail Centre Bathinda (Women) |
| Fazilka | 28 | PSOU-06-GC-110 | MR Govt. College Fazilka | MR Govt. College Fazilka<br>Govt. College (Girls), West Jalalabad (Fazilka) | |
| Ludhiana | 29 | PSOU-12-GAC-196 | Khalsa College for Women, Civil Lines, Ludhiana | Khalsa College for Women, Civil Lines, Ludhiana<br>Makkar College of Technical Education, Ludhiana | |
| | 30 | PSOU-12-GAC-191 | LRDAV College, Jagraon | LRDAV College, Jagraon | |
| | 31 | PSOU-12-PVT-202 | Guru Gobind Singh Khalsa College For Women, Jhar Sahib, Machhiwara + Jail Centre Ropar | Guru Gobind Singh Khalsa College For Women, Jhar Sahib, Machhiwara<br>Bibi Sharan Kaur Khalsa College, Sri Chamkaur Sahib | (10) Jail Centre Ropar |
| Ferozpur | 32 | PSOU-07-PVT-223 | Sant Kabir College, Zira, Ferozpur | Sant Kabir College, Zira, Ferozpur | |
| Malerkotla | 33 | PSOU-13-GC-138 | Govt. College, Malerkotla | Govt. College, Malerkotla<br>Govt. College, Amargarh | |
| Mohali | 34 | PSOU-16-GC-126 | Govt. College, Dera Bassi | Govt. College, Dera Bassi<br>Dashmesh Khalsa College Zirakpur Mohali | |
| | 35 | PSOU-16-GC-127 | Govt. College Mohali | Govt. College Mohali<br>Khalsa College (Amritsar) of Technology and Business | |
| Ropar | 36 | PSOU-20-GC-136 | Govt. Shivalik College, Naya Nangal | Govt. College, Naya Nangal | |
| SBS Nagar | 37 | PSOU-22-GC-144 | SDS Govt. College, Jadla (Nawanshehar Distt) | SDS Govt. College, Jadla (Nawanshehar Distt) | |
| Fatehgarh Sahib | 38 | PSOU-05-PVT-230 | Saffron College for Girls, Fatehgarh Sahib | Saffron College for Girls, Fatehgarh Sahib | |
| Patiala | 39 | PSOU-19-GC-134 | Govt. State College of Education, Patiala | Govt. State College of Education, Patiala | |
| | 40 | PSOU-19-GC-132 | Govt. College for Girls, Patiala + Jail Centre Patiala | Govt. College for Girls, Patiala | (11) Jail Centre Patiala |
| | 41 | PSOU-19-GC-131 | Govt. Kirti College, Nial Patran (Patiala) | Govt. Kirti College, Nial Patran (Patiala)<br>Universal College Patran | |
| | 42 | PSOU-19-GC-130 | Govt. Ripudaman College, Nabha + Jail Centre Nabha | Govt. Ripudaman College, Nabha | (12) Jail Centre Nabha |

24/6/2024

ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ
(Established by Act No.19 of 2019 of Legislature of the State of Punjab)

Ref.No/ PSOU/ COE/...1128 Dated: 13/6/2024

ਸਮੂਹ ਪ੍ਰਿੰਸੀਪਲ ਸਾਹਿਬਾਨ (LSC)
/ਯੂਨੀਵਰਸਿਟੀ ਸਕੂਲ ਕੋਆਰਡੀਨੇਟਰ
ਪੰਜਾਬ।

ਵਿਸ਼ਾ:- **ਯੂਨੀਵਰਸਿਟੀ ਪ੍ਰੀਖਿਆਵਾਂ (ਜੁਲਾਈ/ਅਗਸਤ 2024) ਸਬੰਧੀ Regular & Reappear Students (all previous Admission Cycles) ਦੇ ਸਰਟੀਫਿਕੇਟ/ਡਿਪਲੋਮਾ/ਡਿਗਰੀ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਦੀ Assessment (Internal/External) ਅਪਲੋਡ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਸਰਟੀਫਿਕੇਟ/ਡਿਪਲੋਮਾ/ਡਿਗਰੀ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਦੀਆਂ **ਯੂਨੀਵਰਸਿਟੀ ਪ੍ਰੀਖਿਆਵਾਂ** (Theory/Practical) **ਜੁਲਾਈ/ਅਗਸਤ 2024** ਵਿੱਚ ਕੰਡਕਟ ਕੀਤੀਆਂ ਜਾ ਰਹੀਆਂ ਹਨ।

ਸਮੂਹ LSC/ਯੂਨੀਵਰਸਿਟੀ ਸਕੂਲਾਂ ਦੇ ਕੋਆਰਡਨੇਟਰਾਂ/ਫੈਕਲਟੀ ਮੈਂਬਰਾਂ ਵਲੋਂ ਸਬੰਧਤ ਵਿਦਿਆਰਥੀਆਂ (Regular & Reappear) ਦੀ Assessment ਯੂਨੀਵਰਸਿਟੀ ਪੋਰਟਲ ਤੇ ਹੇਠ ਲਿਖੀਆਂ ਮਿਤੀਆਂ ਮੁਤਾਬਕ ਅਪਲੋਡ ਕਰਨੀ ਯਕੀਨੀ ਬਣਾਈ ਜਾਵੇ:

| Internal/External | Type of Assessment | Weblink for uploading marks | Exam Dates | Date for Uploading Marks |
|---|---|---|---|---|
| Internal Assessment Marks | Theory & Practical<br>**(Regular & Reappear)** | University Faculty login **(for University Students)**<br>https://centre.psou.ac.in/Centre **(for College (LSC) Students)** | **16.07.2024 to 14.08.2024 (Theory)** | 01.07.2024 to 19.07.2024 |
| External Assessment Marks | Practical<br>**(Regular & Reappear)** | University Faculty login **(for University Students)**<br>https://centre.psou.ac.in/Centre **(for College (LSC) Students)** | **01.07.2024 To 10.07.2024 (Practical)** | 01.07.2024 To 19.07.2024 |

13/6/24
ਕੰਟਰੋਲਰ ਪ੍ਰੀਖਿਆਵਾਂ

ਉਤਾਰਾ:
1. ਡੀਨ ਅਕਾਦਮਿਕ ਮਾਮਲੇ
2. ਸਮੂਹ ਯੂਨੀਵਰਸਿਟੀ ਫੈਕਲਟੀ/LSC ਕੋਆਰਡੀਨੇਟਰ
3. ਸ੍ਰੀ ਵਿਸ਼ਾਲ ਕੁਮਾਰ (DEO) – ਸਬੰਧਤ ਨੂੰ ਈ.ਮੇਲ ਅਤੇ website ਤੇ ਅਪਲੋਡ ਕਰਨ ਸਬੰਧੀ।